**cavamh**

Gweithredu dros Iechyd Meddwl Caerdydd a'r Fro
Cardiff and Vale Action for Mental Health

## ਕਾਰਡਿਫ ਅਤੇ ਗਲੇਮੋਰਗਨ ਦੀ ਘਾਟੀ ਵਿੱਚ ਮਾਨਸਕ ਸਿਹਤ ਸਬੰਧੀ ਸੇਵਾਵਾਂ

ਕਾਰਡਿਫ ਐਂਡ ਵੇਲ ਐਕਸ਼ਨ ਫਾਰ ਮੈਂਟਲ ਹੈਲਥ (cavamh) ਦੀ ਵੈੱਬਸਾਈਟ ਨੂੰ ਦੇਖਣ ਲਈ ਤੁਹਾਡਾ ਧੰਨਵਾਦ। ਵੈੱਬਸਾਈਟ cavamh ਦੇ ਕੰਮ ਤੇ ਜਾਣਕਾਰੀ ਪ੍ਰਦਾਨ ਕਰਦੀ ਹੈ ਅਤੇ ਇਹ ਕਾਰਡਿਫ ਅਤੇ ਗਲੇਮੋਰਗਨ ਦੀ ਘਾਟੀ ਵਿੱਚ ਮਾਨਸਕ ਸਿਹਤ ਸਬੰਧੀ ਸੇਵਾਵਾਂ ਦੀ ਆਨਲਾਈਨ ਡਾਇਰੈਕਟਰੀ ਉਪਲਬਧ ਕਰਾਉਂਦੀ ਹੈ।

ਡਾਇਰੈਕਟਰੀ ਮਾਨਸਕ ਸਿਹਤ ਸਬੰਧੀ ਲੋੜਾਂ ਵਾਲੇ ਲੋਕਾਂ ਲਈ ਉਪਲਬਧ ਸੇਵਾਵਾਂ ਤੇ ਜਾਣਕਾਰੀ ਪ੍ਰਦਾਨ ਕਰਦੀ ਹੈ। ਇਹ ਬੱਚਿਆਂ ਅਤੇ ਜਵਾਨ ਲੋਕਾਂ, ਬਾਲਗਾਂ ਅਤੇ ਬਜ਼ੁਰਗ ਲੋਕਾਂ ਲਈ ਸੇਵਾਵਾਂ ਨੂੰ ਕਵਰ ਕਰਦੀ ਹੈ।

ਇਸ ਵਿੱਚ ਹੇਠਾਂ ਦਿੱਤੇ ਚਿੰਨ੍ਹਾਂ ਬਾਰੇ ਜਾਣਕਾਰੀ ਸ਼ਾਮਲ ਹੈ:

- ਕਨੂੰਨੀ ਮਸਲੇ - ਉਦਾਹਰਨ ਲਈ ਮਾਨਸਕ ਸਿਹਤ ਸਬੰਧੀ ਐਕਟ (Mental Health Act), ਮਾਨਸਕ ਸਮਰੱਥਾ ਐਕਟ (Mental Capacity Act) ਅਤੇ ਦੇਖਭਾਲ ਕਰਨ ਵਾਲਿਆਂ ਸਬੰਧੀ ਐਕਟ (Carers Acts)
- ਕਨੂੰਨੀ ਖੇਤਰ ਦੁਆਰਾ ਪ੍ਰਦਾਨ ਕੀਤੀਆਂ ਸੇਵਾਵਾਂ, ਜਿਵੇਂ ਕਿ, ਕਾਰਡਿਫ ਐਂਡ ਵੇਲ ਯੂਨਿਵਰਸਿਟੀ ਹੈਲਥ ਬੋਰਡ, ਕਾਰਡਿਫ ਅਤੇ ਗਲੇਮੋਰਗਨ ਦੀ ਘਾਟੀ ਦੇ ਸਥਾਨਕ ਅਧਿਕਾਰੀ ਅਤੇ ਪੁਲਿਸ।
- ਤੀਜੇ ਖੰਡ ਦੇ ਸੰਗਠਨਾਂ ਦੁਆਰਾ ਪ੍ਰਦਾਨ ਕੀਤੀਆਂ ਸੇਵਾਵਾਂ
- ਟੈਲੀਫੋਨ ਹੈਲਪਲਾਈਨਾਂ ਦੀ ਇੱਕ ਸੂਚੀ।

### ਸੇਵਾਵਾਂ ਤੇ ਪਹੁੰਚ ਕਿਵੇਂ ਪ੍ਰਾਪਤ ਕਰਨੀ ਹੈ

ਜੇ ਤੁਹਾਨੂੰ ਪਹਿਲੀ ਵਾਰੀ ਸੇਵਾਵਾਂ ਤਕ ਪਹੁੰਚਣ ਦੀ ਲੋੜ ਹੈ, ਤਾਂ ਤੁਹਾਨੂੰ ਸਧਾਰਨ ਤੌਰ ਤੇ ਪਹਿਲੀ ਵਾਰੀ ਆਪਣੇ ਜੀਪੀ ਨਾਲ ਸੰਪਰਕ ਕਰਨ ਦੀ ਲੋੜ ਹੁੰਦੀ ਹੈ। ਜੀਪੀ ਤੁਹਾਡੀ ਲੋੜ ਦਾ ਮੁਲਾਂਕਣ ਕਰੇਗਾ ਅਤੇ ਤੁਹਾਨੂੰ ਜਾਂ ਤੇ ਮੁੱਢਲੀ ਮਾਨਸਕ ਸਿਹਤ ਸਮਰਥਨ ਸੇਵਾ ਜਾਂ ਫੇਰ ਤੁਹਾਡੇ ਖੇਤਰ ਨੂੰ ਕਵਰ ਕਰਨ ਵਾਲੀ ਸਮੁਦਾਏ ਦੀ ਮਾਨਸਕ ਸਿਹਤ ਸਬੰਧੀ ਟੀਮ ਕੋਲ ਭੇਜੇਗਾ।
ਜੇ ਜੀਪੀ ਅਪਾਤਕਾਲੀਨ ਹੋਣ ਵਜੋਂ ਲੋੜ ਦਾ ਮੁਲਾਂਕਣ ਕਰਦਾ ਹੈ (ਜਿੱਥੇ ਕੋਈ ਵਿਅਕਤੀ ਆਪਣੇ ਲਈ ਜਾਂ ਹੋਰਾਂ ਲਈ ਜੋਖਮ ਤੇ ਹੁੰਦਾ ਹੈ), ਤਾਂ ਤਤਕਾਲ ਮੁਲਾਂਕਣ ਨੂੰ ਯਕੀਨੀ ਬਣਾਉਣ ਲਈ ਇੱਕ ਪਰਕਿਰਿਆ ਉਪਲਬਧ ਹੈ।

### ਭਾਸ਼ਾ ਸਬੰਧੀ ਲੋੜਾਂ

ਹੇਠਾਂ ਦਿੱਤੀਆਂ ਕਨੂੰਨੀ ਏਜੰਸੀਆਂ ਲੋੜ ਹੋਣ ਤੇ ਅਨੁਵਾਦ ਸਬੰਧੀ ਸੇਵਾ ਤੇ ਪਹੁੰਚ ਪ੍ਰਾਪਤ ਕਰਨ ਦੇ ਯੋਗ ਹਨ:

- ਕਾਰਡਿਫ ਐਂਡ ਵੇਲ ਯੂਨਿਵਰਸਿਟੀ ਹੈਲਥ ਬੋਰਡ (ਕਾਰਡਿਫ ਅਤੇ ਗਲੇਮੋਰਗਨ ਦੀ ਪੂਰਵੀ ਘਾਟੀ ਵਿੱਚ ਮਾਨਸਕ ਸਿਹਤ ਸਬੰਧੀ ਸੇਵਾਵਾਂ ਪ੍ਰਦਾਨ ਕਰਦਾ ਹੋਇਆ): ਜਾਂ ਤੇ ਆਮ੍ਹਣੇ-ਸਾਮ੍ਹਣੇ ਬੈਠ ਕੇ ਜਾਂ ਫੇਰ ਟੈਲੀਫੋਨ ਦੇ ਜਰੀਏ ਅਨੁਵਾਦ ਸਬੰਧੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਅਨੁਵਾਦ ਕਰਨ ਸਬੰਧੀ ਸੇਵਾ ਸਟਾਫ ਲਈ ਹਫਤੇ ਵਿੱਚ 7 ਦਿਨ, ਦਿਨ ਵਿੱਚ 24 ਘੰਟੇ ਇਸ ਤੇ ਪਹੁੰਚ ਪ੍ਰਾਪਤ ਕਰਨ ਲਈ ਉਪਲਬਧ ਹੈ।
- ਗਲੇਮੋਰਗਨ ਦੀ ਘਾਟੀ ਦੀ ਕੌਂਸਲ - ਇਹ ਜਾਂ ਤੇ ਆਮ੍ਹਣੇ-ਸਾਮ੍ਹਣੇ ਬੈਠ ਕੇ ਜਾਂ ਫੇਰ ਟੈਲੀਫੋਨ ਦੇ ਜਰੀਏ ਅਨੁਵਾਦਕਾਂ ਤਕ ਪਹੁੰਚ ਪ੍ਰਦਾਨ ਕਰਨ ਦੇ ਯੋਗ ਹਨ।
- ਕਾਰਡਿਫ ਕੌਂਸਲ
- ਅਬੇਰਟੇਵ ਬਰੋ ਮੋਰਗਨਵਗ ਯੂਨਿਵਰਸਿਟੀ ਹੈਲਥ ਬੋਰਡ (ਗਲੇਮੋਰਗਨ ਦੀ ਪੱਛਮ ਘਾਟੀ ਨੂੰ ਕਵਰ ਕਰਦਾ ਹੋਇਆ)
- ਦੱਖਣ ਵੇਲਸ ਪੁਲਿਸ- ਇਹ ਜਾਂ ਤੇ ਆਮ੍ਹਣੇ-ਸਾਮ੍ਹਣੇ ਬੈਠ ਕੇ ਜਾਂ ਫੇਰ ਟੈਲੀਫੋਨ ਦੇ ਜਰੀਏ ਹਫਤੇ ਵਿੱਚ 7 ਦਿਨ, ਦਿਨ ਵਿੱਚ 24 ਘੰਟੇ ਅਨੁਵਾਦਕਾਂ ਤੇ ਪਹੁੰਚ ਪ੍ਰਦਾਨ ਕਰਨ ਦੇ ਯੋਗ ਹੈ

### ਕਾਰਡਿਫ ਐਂਡ ਵੇਲ ਐਕਸ਼ਨ ਫਾਰ ਮੈਂਟਲ ਹੈਲਥ (cavamh) ਲਈ ਫੀਡਬੈਕ

ਅਸੀਂ ਇਸ ਵੈੱਬਸਾਈਟ ਅਤੇ ਡਾਇਰੈਕਟਰੀ ਬਾਰੇ ਕਿਸੇ ਵੀ ਫੀਡਬੈਕ ਦਾ ਸੁਆਗਤ ਕਰਾਂਗੇ ਤਾਂ ਕਿ ਅਸੀਂ ਇਸ ਵਿੱਚ ਸੁਧਾਰ ਕਰਨ ਨੂੰ ਜਾਰੀ ਰੱਖ ਸਕੀਏ। ਧੰਨਵਾਦ।

**www.cavamh.org.uk**
**Tel 029 2022 2000 Fax 029 2023 8258**

Copyright © Cardiff and Vale Action for Mental Health 2004-2013 - Registered Charity No. 1148312 / Company No. 8000094